# ਕੈਨੇਡਾ ਵਿੱਚ ਆਪਣੇ ਪੈਰ ਪੱਕੇ ਕਰਨ ਵਿੱਚ ਤੁਹਾਡੀ ਮਦਦ

## ਅਸੀਂ ਤੁਹਾਡਾ ਖ਼ਾਸ ਸੁਆਗਤ ਕਰਦੇ ਹਾਂ

ਜਦੋਂ ਤੁਸੀਂ ਸਾਲ 2 ਅਤੇ 32 ਦੇ ਹੇਠ ਸੂਚੀਬੱਧ ਸੇਵਾਵਾਂ ਲਈ ਸਾਈਨ ਅਪ ਕਰਦੇ ਹੋ ਤਾਂ ਸਾਡੇ ਨਿਊਕਮਰਸ ਔਫਰ ਦੇ ਨਾਲ 3 ਸਾਲਾਂ ਵਿੱਚ $600 ਤੱਕ ਬਚਾਓ[2]।

ਹੇਠਾਂ ਦਿੱਤੀਆਂ ਗਈਆਂ ਕਟੌਤੀਆਂ ਅਤੇ ਮੁਫ਼ਤ ਵਿਸ਼ੇਸ਼ਤਾਵਾਂ ਖਾਤਾ ਖੋਲ੍ਹਣ ਦੀ ਤਾਰੀਖ ਤੋਂ ਲਾਗੂ ਹੁੰਦੀਆਂ ਹਨ।

### ਸਾਲ 1

**ਬੈਕਿੰਗ ਪੈਕੇਜ ਲਈ ਕੋਈ ਫਲੈਟ ਮਾਸਿਕ ਫੀਸ ਨਹੀਂ**
($14.25/ਮਹੀਨਾ ਬਚਾਓ)

> ਚੈਕਿੰਗ ਖਾਤਾ
> ਅਸੀਮਿਤ ਇਲੈਕਟ੍ਰੋਨਿਕ ਟ੍ਰਾਂਜ਼ੈਕਸ਼ਨਾਂ[3]

**ਹੋਰ ਮੁਫ਼ਤ ਵਿਸ਼ੇਸ਼ਤਾਵਾਂ**

> ਪਹਿਲਾ ਚੈੱਕ ਆਰਡਰ[4]
> ਛੋਟਾ ਸੇਫਟੀ ਡਿਪੋਜ਼ਿਟ ਬੌਕਸ[5]

ਫੋਨ 'ਤੇ ਵਿਸ਼ੇਸ਼ ਸਹਾਇਤਾ ਸੇਵਾ ਤੱਕ ਪਹੁੰਚ ਲਈ[6]

### ਸਾਲ 2 ਅਤੇ 3

**ਬੈਕਿੰਗ ਪੈਕੇਜ ਲਈ ਕੋਈ ਫਲੈਟ ਮਾਸਿਕ ਫੀਸ ਨਹੀਂ**
ਜੇ ਤੁਸੀਂ ਇਹਨਾਂ ਉਤਪਾਦਾਂ ਅਤੇ ਸੇਵਾਵਾਂ ਲਈ ਸਾਈਨ ਅਪ ਕਰਦੇ ਹੋ:

> ਨਿੱਜੀ ਕ੍ਰੈਡਿਟ ਕਾਰਡ[7]
> ਔਨਲਾਈਨ ਖਾਤਾ ਸਟੇਟਮੈਂਟ
> ਸੈਲਰੀ ਡਿਪਾਜ਼ਿਟ ਜਾਂ 2 ਇਲੈਕਟ੍ਰੋਨਿਕ ਬਿਲ ਭੁਗਤਾਨ[8] ਪ੍ਰਤੀ ਮਹੀਨਾ

ਜਾਂ

ਸਾਲ 2
**50%**
ਬੈਂਕਿੰਗ ਪੈਕੇਜ ਤੇ ($7.13/ਮਹੀਨੇ ਦੀ ਫਲੈਟ ਮਾਸਿਕ ਫੀਸ)

ਸਾਲ 3
**25%**
ਬੈਂਕਿੰਗ ਪੈਕੇਜ ਤੇ ($10.69/ਮਹੀਨੇ ਦੀ ਫਲੈਟ ਮਾਸਿਕ ਫੀਸ)

### ਸਾਲ 4 ਅਤੇ ਇਸ ਤੋਂ ਬਾਅਦ

**$14.25/ਮਹੀਨਾ ਵਿੱਚ ਬੈਂਕਿੰਗ ਪੈਕੇਜ**
(ਨਿਯਮਿਤ ਫਲੈਟ ਮਾਸਿਕ ਫੀਸ)

### ਫਾਈਨੈਂਸਿੰਗ ਤੱਕ ਪਹੁੰਚ[7]

ਕ੍ਰੈਡਿਟ ਕਾਰਡ | ਔੱਟੋ ਲੋਨ | ਮਾਰਗੇਜ

ਔੱਫਰ ਵਿੱਚ ਸ਼ਾਮਲ ਟ੍ਰਾਂਜੈਕਸ਼ਨਾਂ ਤੇ ਲਾਗੂ ਹੋਣ ਵਾਲੀਫਲੈਟ ਮਾਸਿਕ ਫੀਸ ਸ਼ਾਮਲ ਦੇ ਇਲਾਵਾ ਹੋਰ ਫੀਸ ਲਾਗੂ ਹੋ ਸਕਦੀ ਹੈ। ਔੱਫਰ ਵਿੱਚ ਸ਼ਾਮਲ ਟ੍ਰਾਂਜੈਕਸ਼ਨਾਂ ਅਤੇ ਲਾਗੂ ਹੋਣ ਵਾਲੀ ਫੀਸ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ ਸਾਡੀ *ਗਾਈਡ ਟੂ ਪਰਸਨਲ ਬੈਂਕਿੰਗ ਸੋਲੂਸ਼ਨਸ (Guide to Personal Banking Solutions)* ਦੇਖੋ।

## ਅਸੀਂ ਇਸ ਵਿੱਚ ਤੁਹਾਡੀਸਹਾਇਤਾ ਕਰਨ ਲਈ ਤਿਆਰ ਹਾਂ

### ਨਵੇਂ ਆਏ ਲੋਕਾਂ ਲਈ ਸਹਾਇਤਾ ਸੇਵਾ

ਜਦੋਂ ਤੁਸੀਂ ਸਾਡੇ ਨਿਊਕਮਰਸ ਔੱਫਰ ਲਈ ਸਾਈਨ ਅਪ ਕਰ ਲਓ, ਤਾਂ ਤੁਸੀਂ[6], National Bank Assistance Network™ ਰਾਹੀਂ ਖ਼ਾਸ ਤੌਰ ਤੇ ਪੇਸ਼ ਕੀਤੀ ਜਾਣ ਵਾਲੀ ਤੁਸੀਂ ਮੁਫ਼ਤ ਟੈਲੀਫੋਨ ਸਹਾਇਤਾ ਸੇਵਾ ਤੱਕ ਪਹੁੰਚ ਪ੍ਰਾਪਤ ਕਰੋਗੇ।

ਇਹਨਾਂ ਖੇਤਰਾਂ ਵਿੱਚੋਂ ਕਿਸੇ ਵੀ ਬਾਰੇ ਆਮ ਜਾਣਕਾਰੀ ਪ੍ਰਾਪਤ ਕਰੋ ਜਾਂ ਅਸੀਂ ਤੁਹਾਡਾ ਸੰਪਰਕ ਸਹੀ ਸੰਗਠਨਾਂ ਨਾਲ ਕਰਾਂਵਾਂਗੇ।

**ਇਮੀਗ੍ਰੇਸ਼ਨ**
> ਕੰਮ ਕਰਨ ਲਈ ਵੀਜ਼ਾ
> ਸਥਾਈ ਰਿਹਾਇਸ਼
> ਕੈਨੇਡਾ ਦੀ ਨਾਗਰਿਕਤਾ

**ਨਿੱਜੀ ਫਾਈਨੈਂਸ**
> ਟੈਕਸ ਰਿਟਰਨ
> ਕੈਨੇਡਾ ਵਿੱਚ ਕ੍ਰੈਡਿਟ ਹਿਸਟਰੀ
> ਬਚਤ ਦੇ ਵਸੀਲੇ

**ਕਨੂੰਨੀ ਮੁੱਦੇ**
> ਜੇ ਤੁਹਾਡੀ ਨੌਕਰੀ ਛੁੱਟ ਜਾਏ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ
> ਸੈਲਫੋਨ ਪੈਕੇਜ ਕਿਵੇਂ ਰੱਦ ਕਰਨਾ ਹੈ

**ਰਿਹਾਇਸ਼**
> ਘਰ ਦਾ ਕਿਰਾਇਆ
> ਲੀਜ਼ ਸਮਾਪਤੀ
> ਤੁਹਾਡੇ ਨਵੇਂ ਘਰ ਸਬੰਧੀ ਸਮੱਸਿਆਵਾਂ

**ਰੋਜ਼ਾਨਾ ਦੀ ਜ਼ਿੰਦਗੀ**
> ਸਿਹਤ ਸਬੰਧੀ ਦੇਖਭਾਲ
> ਸਕੂਲ ਸਿਸਟਮ
> ਡੇਕੇਅਰ
> ਰੋਜ਼ਗਾਰ
> ਬੀਮਾ

NATIONAL BANK

# ਨਾਲ ਹੀ ਅਸੀਂ ਬੈਂਕ ਸਬੰਧੀ ਸਲਾਹ ਦੀ ਵੀ ਪੇਸ਼ਕਸ਼ ਕਰਦੇ ਹਾਂ

### ਖ਼ਾਸ ਸਮੱਗਰੀ: ਕੈਨੇਡਾ ਵਿੱਚ ਆ ਕੇ ਵੱਸਣਾ

ਨਵੇਂ ਆਉਣ ਵਾਲਿਆਂ[9] ਨਾਲ ਸਬੰਧਿਤ ਲੇਖਾਂ ਦੀ ਸਾਡੀ ਸੀਰੀਜ ਪੜ੍ਹ ਕੇ ਆਪਣੇ ਨਵੇਂ ਦੇਸ਼ ਬਾਰੇ ਹੋਰ ਜਾਣੋ।

ਤੁਹਾਨੂੰ ਉਹ nbc.ca/advice-immigrate 'ਤੇ ਮਿਲ ਸਕਦੇ ਹਨ

# NATIONAL BANK, ਤੁਹਾਡੇ ਪਹੁੰਚਣ ਨੂੰ ਅਸਾਨ ਕਰਨ ਲਈ ਮਨਪਸੰਦ ਸਾਥੀ

### NATIONAL BANK ਬਾਰੇ:

- ਲਗਭਗ 2.5 ਮਿਲੀਅਨ ਕਲਾਈਂਟ ਅਤੇ $ 251 ਬਿਲੀਅਨ ਤੱਕ ਦੀਆਂ ਸੰਪਤੀਆਂ
- 429 ਤੋਂ ਵੱਧ ਬ੍ਰਾਂਚਾਂ ਅਤੇ 932 ਆਟੋਮੇਟਿਡ ਬੈਂਕਿੰਗ ਮਸ਼ੀਨਾਂ (ABM)
- THE EXCHANGE® ਇੰਟਰ-ਇੰਸਟੀਟਿਊਸ਼ਨਲ ਨੈਟਵਰਕ ਵਿੱਚ ਪੂਰੀ ਤਰ੍ਹਾਂ ਕੰਮ ਕਰਨ ਵਾਲੇ ਹਜ਼ਾਰਾਂ ABM ਤੱਕ ਸਰਚਾਰਜ-ਮੁਕਤ ਪਹੁੰਚ®

# ਹੁਣੇ ਸਾਈਨ ਅੱਪ ਕਰੋ

ਕੀ ਤੁਸੀਂ ਕੈਨੇਡਾ ਵਿੱਚ 5 ਸਾਲਾਂ ਤੋਂ ਘੱਟ ਸਮੇਂ ਤੋਂ ਰਹਿ ਰਹੇ ਹੋ ਜਾਂ ਇੱਥੇ ਵੱਸਣ ਵਾਲੇ ਹੋ? National Bank ਨੂੰ ਤੁਹਾਡੀ ਜ਼ਿੰਦਗੀ ਨੂੰ ਵੱਧ ਅਸਾਨ ਬਣਾਉਣ ਲਈ ਟੂਲਸ ਅਤੇ ਫ਼ਾਇਦਿਆਂ ਦੀ ਪੂਰੀ ਰੇਂਜ਼ ਦੀ ਪੇਸ਼ਕਸ਼ ਕਰਨ ਵਿੱਚ ਖੁਸ਼ੀ ਹੋ ਰਹੀ ਹੈ।

### ਇੱਥੇ ਜਾਣੋ'ਕਿ ਕਿਵੇਂ:

- Nbc.ca/immigrate ਤੇ ਜਾਓ
- +1-888-835-6281 ਤੇ ਫੋਨ ਕਰੋ (ਕੈਨੇਡਾ ਵਿੱਚ ਟੋਲ-ਫ੍ਰੀ)
- ਸਾਡੀ ਕਿਸੇ ਇੱਕ ਬ੍ਰਾਂਚ ਵਿਖੇ ਆਓ (nbc.ca/find-us)

## ਔਨਲਾਈਨ ਇੱਕ ਖਾਤਾ ਖੋਲ੍ਹੋ, ਆਪਣੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਹੀ

ਆਪਣੇ ਕੈਨੇਡਾ ਪਹੁੰਚਣ ਤੋਂ 3 ਮਹੀਨੇ ਪਹਿਲਾਂ ਤੱਕ ਖਾਤਾ ਖੋਲ੍ਹਣ ਲਈ ਔਨਲਾਈਨ ਅਰਜ਼ੀ ਦਿਓ:

- ਵੈਧ ਪਾਸਪੋਰਟ ਤਿਆਰ ਰੱਖੋ।
- nbc.ca/immigrate ਤੇ ਜਾਓ ਅਤੇ ਫਾਰਮ ਭਰੋ।

### ਤੁਸੀਂ ਆਪਣੇ ਨਵੇਂ National Bank ਖਾਤੇ ਵਿੱਚ ਪੈਸਾ ਟ੍ਰਾਂਸਫਰ ਕਿਵੇਂ ਕਰ ਸਕਦੇ ਹੋ?

ਆਪਣੇ ਨਵੇਂ ਖਾਤੇ ਵਿੱਚ ਦੇਸ਼ ਦੇ ਬਾਹਰੋਂ ਫੰਡ* ਟ੍ਰਾਂਸਫਰ ਕਰਨ ਲਈ, ਤੁਹਾਡੇ ਲਈ ਟ੍ਰਾਂਸਫਰ ਜਾਰੀ ਕਰਨ ਵਾਲੇ ਬੈਂਕ ਦੀ ਹੇਠਾਂ ਦਿੱਤੀ ਜਾਣਕਾਰੀ ਮੁਹੱਈਆ ਕਰਨਾ ਲਾਜ਼ਮੀ ਹੈ (ਤੁਹਾਡੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਇੱਕ ਟ੍ਰਾਂਸਫਰ ਦੀ ਸੀਮਾ ਹੈ)।

| | |
|---|---|
| SWIFT MESSAGE | MT103 |
| SWIFT CODE | BNDCCAMMINT |
| Bank code | ਇਹ ਜਾਣਕਾਰੀ ਤੁਹਾਡਾ ਖਾਤਾ ਖੁੱਲ੍ਹਣ ਦੀ ਪੁਸ਼ਟੀ ਕਰਨ ਵਾਲੀ ਈਮੇਲ ਵਿੱਚ ਮੁਹੱਈਆ ਕੀਤੀ ਜਾਂਦੀ ਹੈ। |
| ਬ੍ਰਾਂਚ ਟ੍ਰਾਂਜ਼ਿਟ ਅਤੇ ਪਤਾ | |
| ਕੈਨੇਡਿਅਨ ਖਾਤਾ ਨੰਬਰ | |

* ਕਿਰਪਾ ਕਰਕੇ ਲਾਗੂ ਫੀਸ ਲਈ *ਗਾਈਡ ਟੂ ਪਰਸਨਲ ਬੈਂਕਿੰਗ ਸੋਲਿਊਸ਼ੰਸ* ਦੇਖੋ। ਕੁਝ ਬੈਂਕ ਪੱਤਰ-ਵਿਹਾਰ ਲਈ ਵਾਧੂ ਫੀਸ ਲਈ ਜਾ ਸਕਦੀ ਹੈ।

NATIONAL BANK

ਇਸ ਦਸਤਾਵੇਜ਼ ਅਤੇ ਇਸਦੇ ਅੰਗ੍ਰੇਜ਼ੀ ਸੰਸਕਰਣ ਦੇ ਵਿੱਚ ਦਿੱਤੀ ਜਾਣਕਾਰੀ ਵਿਚਕਾਰ ਜੇਕਰ ਭਿੰਨਤਾ ਪਾਈ ਜਾਂਦੀ ਹੈ ਤਾਂ ਅੰਗ੍ਰੇਜ਼ੀ ਸੰਸਕਰਣ ਵਿੱਚ ਮੌਜੂਦ ਜਾਣਕਾਰੀ ਨੂੰ ਸਹੀ ਮੰਨਿਆ ਜਾਵੇਗਾ।

1 ਇਸ ਆੱਫਰ ਦਾ ਫ਼ਾਇਦਾ ਉਠਾਉਣ ਲਈ, ਤੁਹਾਡੇ ਲਈ ਕੈਨੇਡਾ ਪਹੁੰਚਣ ਤੋਂ ਪਹਿਲਾਂ ਪਹਿਲੇ 60 ਮਹੀਨਿਆਂ ਦੇ ਅੰਦਰ ਬੈਂਕ ਖਾਤਾ ਖੋਲ੍ਹਣਾ ਲਾਜ਼ਮੀ ਹੈ।

2 ਜੇ ਤੁਸੀਂ ਸਾਡੀਆਂ ਬਰਾਂਚਾਂ ਵਿੱਚੋਂ ਕਿਸੇ ਵਿੱਚ ਕੋਈ ਬੈਂਕ ਖਾਤਾ ਖੁੱਲ੍ਹਵਾਉਂਦੇ ਹੋ, ਨਵੇ ਆਏ ਲੋਕਾਂ ਲਈ ਬੈਂਕਿੰਗ ਪੈਕੇਜ ਵਾਸਤੇ ਸਾਈਨ-ਅਪ ਕਰਦੇ ਹੋ ਅਤੇ ਇਹਨਾਂ ਉਤਪਾਦਾਂ ਨੂੰ 36 ਮਹੀਨਿਆਂ ਲਈ ਰੱਖਦੇ ਹੋ ਤਾਂ ਤੁਸੀਂ 3 ਸਾਲਾਂ ਦੇ ਦੌਰਾਨ $299.16 ਦੀ ਮੂਲ ਬਚਤ ਦਾ ਆਨੰਦ ਮਾਣ ਸਕਦੇ ਹੋ। 3 ਸਾਲਾਂ ਦੌਰਾਨ ਬਚਤਾਂ ਇਹਨਾਂ ਨਾਲ ਸੰਬੰਧਤ ਹਨ: ਪਹਿਲੇ ਸਾਲ ਦੌਰਾਨ ਤੁਹਾਡੇ ਪੈਕੇਜ ਵਿੱਚ ਸ਼ਾਮਲ ਟ੍ਰਾਂਜੈਕਸ਼ਨਾ ਲਈ ਕੋਈ ਮਹੀਨਾਵਾਰ ਫੀਸ ਨਹੀਂ ($14.25/ਮਹੀਨਾ x 12 ਮਹੀਨੇ ਦੀ ਬਚਤ); ਦੂਜੇ ਸਾਲ ਦੌਰਾਨ $14.25/ਮਹੀਨਾ ਦੀ ਬਜਾਏ $7.13/ਮਹੀਨਾ ਦੀ ਮਹੀਨਾਵਾਰ ਸਰਵਿਸ ਫੀਸ ($7.12/ਮਹੀਨਾ x 12 ਮਹੀਨੇ ਦੀ ਬਚਤ); ਦੂਜੇ ਸਾਲ ਦੌਰਾਨ $14.25/ਮਹੀਨਾ ਦੀ ਬਜਾਏ $10.69/ਮਹੀਨਾ ਦੀ ਮਹੀਨਾਵਾਰ ਸਰਵਿਸ ਫੀਸ ($3.56/ਮਹੀਨਾ x 12 ਮਹੀਨੇ ਦੀ ਬਚਤ)। ਜੇ ਤੁਸੀਂ ਨਵੇਂ ਆਏ ਲੋਕਾਂ ਲਈ ਪੇਸ਼ਕਸ਼ ਵਿੱਚ ਸਾਰੇ ਉਤਪਾਦਾਂ ਅਤੇ ਸੇਵਾਵਾਂ ਲਈ ਸਾਈਨ-ਅਪ ਕਰਦੇ ਹੋ, ਹਰ ਮਹੀਨੇ ਸਾਰੇ ਲੋੜੀਂਦੇ ਕੰਮ ਕਰਦੇ ਹੋ ਅਤੇ 36 ਮਹੀਨਿਆਂ ਦੀ ਮਿਆਦ ਲ;ਈ ਇਹਨਾਂ ਉਤਪਾਦਾਂ ਅਤੇ ਸੇਵਾਵਾਂ ਨੂੰ ਰੱਖਦੇ ਹੋ ਅਤੇ ਇਹ ਕੰਮ ਕਰਦੇ ਹੋ ਤਾਂ 3 ਸਾਲਾਂ ਦੌਰਾਨ ਤੁਸੀਂ ਵੱਧ ਤੋਂ ਵੱਧ $614.98 ਦੀ ਬਚਤ ਦਾ ਆਨੰਦ ਮਾਣ ਸਕਦੇ ਹੋ। ਜੇ, ਕਿਸੇ ਮਹੀਨੇ ਦੇ ਦੌਰਾਨ, ਤੁਸੀਂ ਆਪਣਾ ਬੈਂਕ ਖਾਤਾ ਅਤੇ ਪੈਕੇਜ ਰੱਖਦੇ ਹੋ, ਪਰ ਪੇਸ਼ਕਸ਼ ਵਿਚਲੇ ਦੂਜੇ ਉਤਪਾਦ ਜਾਂ ਸੇਵਾਵਾਂ ਤੁਹਾਡੇ ਕੋਲ ਨਹੀਂ ਹਨ ਜਾਂ ਹੁਣ ਨਹੀਂ ਰਹੇ ਹਨ, ਜਾਂ ਜੇ ਤੁਸੀਂ ਸਾਰੇ ਲੋੜੀਂਦੇ ਕੰਮ ਨਹੀਂ ਕਰਦੇ ਹੋ, ਤਾਂ ਦੂਜੇ ਸਾਲ ਲਈ $7.13/ਮਹੀਨਾ ਅਤੇ ਤੀਜੇ ਸਾਲ ਲਈ $10.69/ਮਹੀਨਾ ਦੇ ਨਾਲ ਸੰਬੰਧਿਤ ਮਹੀਨਾਵਾਰ ਸਰਵਿਸ ਫੀਸ ਲਈ ਜਾਵੇਗੀ। ਤੁਹਾਨੂੰ ਹਾਲੇ ਵੀ ਦੂਜੇ ਸਾਲ ਲਈ $7.12/ਮਹੀਨਾ ਅਤੇ ਤੀਜੇ ਸਾਲ ਲਈ $3.56/ਮਹੀਨਾ ਦੀਆਂ ਬਚਤਾਂ ਦਾ ਫਾਇਦਾ ਹੋਵੇਗਾ। ਚੌਥੇ ਸਾਲ $14.25/ਮਹੀਨਾ ਦੀ ਸਰਵਿਸ ਫੀਸ ਲਾਗੂ ਹੋਵੇਗੀ। ਜੇ ਤੁਹਾਡੇ ਕੋਲ ਨਵੇਂ ਆਏ ਲੋਕਾਂ ਲਈ ਬੈਂਕ ਖਾਤਾ ਜਾਂ ਪੈਕੇਜ ਨਹੀਂ ਰਹਿੰਦਾ ਹੈ, ਤਾ ਜਿਸ ਸਮੇਂ ਤੁਹਾਡੇ ਕੋਲ ਇਹ ਉਤਪਾਦ ਨਹੀਂ ਰਹਿਣਗੇ, ਉਸ ਵੇਲੇ ਤੋਂ ਕੋਈ ਬਚਤ ਉਪਲਬਧ ਨਹੀਂ ਹੋਵੇਗੀ। ਪੇਸ਼ਕਸ਼ ਦੀਆਂ ਸ਼ਰਤਾਂ ਬਾਰੇ ਹੋਰ ਵੇਰਵਿਆਂ ਲਈ, nbc.ca/immigrate ਵਿਖੇ "Details of the banking offer" (ਬੈਂਕਿੰਗ ਪੇਸ਼ਕਸ਼ ਦੇ ਵੇਰਵੇ) ਦੇਖੋ। ਟ੍ਰਾਂਜੈਕਸ਼ਨਾਂ ਨਾਲ ਸੰਬੰਧਤ ਕੁਝ ਖਾਸ ਫੀਸਾਂ ਨਵੇਂ ਆਏ ਲੋਕਾਂ ਲਈ ਪੇਸ਼ਕਸ਼ ਵਿੱਚ ਸ਼ਾਮਲ ਨਹੀਂ ਹਨ। ਹੋਰ ਵੇਰਵਿਆਂ ਲਈ, ਦੇਖੋ *ਨਿੱਜੀ ਬੈਂਕਿੰਗ ਸਮਧਾਨਾਂ ਲਈ ਗਾਈਡ*.

3 ਯੋਗ ਇਲੈਕਟ੍ਰੋਨਿਕ ਟ੍ਰਾਂਜੈਕਸ਼ਨਾਂ ਦੀ ਇੱਕ ਪੂਰੀ ਸੂਚੀ ਲਈ, ਕਿਰਪਾ ਕਰਕੇ ਸਾਡੀ ਗਾਈਡ ਟੂ ਪਰਸਨਲ ਬੈਂਕਿੰਗ ਸੋਲਿਊਸ਼ੰਸ ਦੇਖੋ।

4 ਸ਼ਿਪਿੰਗ ਫੀਸ ਅਤੇ ਟੈਕਸ ਵਾਧੂ ਹਨ।

5 ਕੈਨੇਡਾ ਵਿੱਚ ਘੱਟੋ-ਘੱਟ 12 ਮਹੀਨਿਆਂ ਲਈ ਛੋਟੇ ਸੁਰੱਖਿਆ ਡਿਪੋਜ਼ਿਟ ਬੌਕਸ (1½ ਇੰਚ x 5 ਇੰਚ x 24 ਇੰਚ) ਦਾ ਕਿਰਾਇਆ। ਫੀਸ ਛੋਟ ਦੀ ਮਿਆਦ ਖ਼ਤਮ ਹੋਣ ਦੇ ਬਾਅਦ, ਪ੍ਰਭਾਵੀ ਨਿਯਮਿਤ ਫੀਸ ਲਾਗੂ ਹੋਵੇਗੀ। ਕੁਝ ਸ਼ਰਤਾਂ ਲਾਗੂ ਹੋਣਗੀਆਂ, ਖ਼ਾਸ ਕਰਕੇ ਸੁਰੱਖਿਆ ਡਿਪੋਜ਼ਿਟ ਬੌਕਸ ਕਿਰਾਏ ਲਈ ਯੋਗਤਾ ਤੇ ਵਿਚਾਰ ਕਰਨਾ। ਉਪਲਬਧਤਾ ਦੇ ਅਧੀਨ; ਵੇਰਵੇ ਬ੍ਰਾਂਚਾਂ ਵਿਖੇ ਉਪਲਬਧ ਹਨ।

6 National Bank Assistance Network ਵੱਲੋਂ 12 ਮਹੀਨਿਆਂ ਲਈ ਪੇਸ਼ ਕੀਤੀ ਜਾਣ ਵਾਲੀ ਫੋਨ ਸਹਾਇਤਾ ਸੇਵਾ ਖਾਤਾ ਖੋਲ੍ਹਣ ਦੀ ਤਾਰੀਖ ਤੋਂ ਸ਼ੁਰੂ ਹੁੰਦੀ ਹੈ। ਵਰਨਣ ਕੀਤੇ ਪ੍ਰੋਗਰਾਮਾਂ ਅਤੇ ਸ਼ਰਤਾਂ ਦੀ ਸਮੱਗਰੀ ਵਿੱਚ ਤਬਦੀਲੀ ਹੋ ਸਕਦੀ ਹੈ।

7 ਫਾਈਨੈਂਸਿੰਗ National Bank ਵੱਲੋਂ ਕ੍ਰੈਡਿਟ ਮਨਜ਼ੂਰੀ ਦੇ ਅਧੀਨ ਹੈ। ਕੁਝ ਸ਼ਰਤਾਂ ਲਾਗੂ ਹਨ। ਪਾਤਰ ਕ੍ਰੈਡਿਟ ਕਾਰਡਾਂ ਵਿੱਚ ਸ਼ਾਮਲ ਹਨ: MC1, Edition®, Allure®, Syncro, Platinum, ECHO®, *World Mastercard®* ਅਤੇ *World Elite®*।

8 ਯੋਗ ਇਲੈਕਟ੍ਰੋਨਿਕ ਬਿਲ ਭੁਗਤਾਨ ਡਿਜੀਟਲ ਬੈਂਕਿੰਗ ਸੋਲਿਊਸ਼ੰਸ ਅਤੇ ਕਿਸੇ ਪੂਰਵ ਅਧਿਕਾਰਤ ਡੈਬਿਟ ਰਾਹੀਂ ABM ਵਿਖੇ ਕੀਤੇ ਜਾਂਦੇ ਹਨ।

9 ਲੇਖਾਂ ਅਤੇ ਸੁਝਾਵਾਂ ਦੀ ਸਮੱਗਰੀ ਦੀ ਵਿਆਖਿਆ, ਇਸਤੇ ਵਿਚਾਰ ਜਾਂ ਇਸਦੀ ਵਰਤੋਂ ਇਸ ਤਰਾਂ ਨਹੀਂ ਕੀਤੀ ਜਾਣੀ ਚਾਹੀਦੀ ਜਿਵੇਂ ਕਿ ਇਹ ਆਰਥਿਕ, ਕਨੂੰਨੀ, ਵਿੱਤੀ ਜਾਂ ਹੋਰ ਸਲਾਹ ਹੈ। National Bank ਅਤੇ ਸਮੱਗਰੀ ਮੁਹੱਈਆ ਕਰਨ ਵਾਲੇ ਇਸਦੇ ਸਾਂਝੇਦਾਰ ਕਿਸੇ ਵੀ ਉਸ ਹਾਨੀ ਲਈ ਜ਼ਿੰਮੇਵਾਰ ਨਹੀਂ ਹੋਣਗੇ, ਜੋ ਅਜਿਹੀ ਵਰਤੋਂ ਦੇ ਕਾਰਨ ਹੋ ਸਕਦੀ ਹੈ।

™ NATIONAL BANK ASSISTANCE NETWORK, National Bank of Canada, ਦਾ ਟ੍ਰੇਡਮਾਰਕ ਹੈ, ਜਿਸਦੀ ਵਰਤੋਂ NBC Assistance Inc. ਵੱਲੋਂ ਲਸੰਸ ਦੇ ਅਧੀਨ ਕੀਤੀ ਜਾਂਦੀ ਹੈ।

® EDITION, ALLURE ਅਤੇ ECHO, National Bank of Canada ਦੇ ਰਜਿਸਟਰ-ਸ਼ੁਦਾ ਟ੍ਰੇਡਮਾਰਕ ਹਨ।

® *WORLD MASTERCARD* ਅਤੇ *WORLD ELITE* Mastercard International Inc, ਦੇ ਰਜਿਸਟਰ-ਸ਼ੁਦਾ ਟ੍ਰੇਡਮਾਰਕ ਹਨ। National Bank of Canada ਅਧਿਕਾਰਤ ਵਰਤੋਂਕਾਰ ਹੈ।

® THE EXCHANGE, Fiserv Inc. ਦਾ ਰਜਿਸਟਰਡ ਟ੍ਰੇਡਮਾਰਕ ਹੈ।

© 2018 National Bank of Canada. ਸਾਰੇ ਹੱਕ ਰਾਖਵੇਂ ਹਨ। National Bank of Canada ਦੀ ਪੂਰਵ ਲਿਖਤ ਸਹਿਮਤੀ ਦੇ ਬਿਨਾਂ ਕੋਈ ਵੀ ਪੁਨਰ ਪ੍ਰਸਤੁਤੀ, ਸਮੁੱਚੇ ਜਾਂ ਅੰਸ਼ਕ ਤੌਰ ਤੇ, ਪੂਰੀ ਤਰ੍ਹਾਂ ਵਰਜਤ ਹੈ।

FSC FPO

31033-007 (2018/08)